# ਰੋਜਾਨਾ ਕਰਾਈਮ ਡਾਇਰੀ
## ਮਿਤੀ 07-11-2024

| ਲੜੀ ਨੰ: | ਥਾਣਾ | ਮੁਕੱਦਮੇ ਦਾ ਵੇਰਵਾ | ਮੁਦਈ ਦਾ ਪੂਰਾ ਨਾਮ ਤੇ ਟੈਲੀਫੋਨ ਨੰ:/ਮੋਬ: ਨੰ: | ਦੋਸ਼ੀਆਂ ਦਾ ਵੇਰਵਾ | ਸੰਖੇਪ ਹਾਲਾਤ | ਮਾਲ ਮੁਕੱਦਮੇ ਦਾ ਵੇਰਵਾ | ਮੌਕੇ ਤੇ ਵਕੂਆ ਦੀ ਵੀਡੀਓਗ੍ਰਾਫੀ ਕੀਤੀ ਗਈ,ਰਿਕਵਰੀ ਦੀ ਵੀਡੀਓਗ੍ਰਾਫੀ ਕੀਤੀ ਗਈ: | ਤਫਤੀਸ਼ੀ ਅਫਸਰ ਅਤੇ ਮੋਬ: ਨੰ |
|---|---|---|---|---|---|---|---|---|
| 1. | ਰਮਦਾਸ | 123 ਮਿਤੀ 06-11-24 ਜੁਰਮ 223 BNS | ASI ਅਵਤਾਰ ਸਿੰਘ/530 9780003468 | ਜਸਮੀਤ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਰਮਦਾਸ (ਗ੍ਰਿਫਤਾਰੀ ਨਿੱਲ) | ਅੱਜ ਮਨ ASI ਸਮੇਤ ਸਾਥੀ ਕਰਮਚਾਰੀਆਂ ਗਸ਼ਤ ਬਾ ਤਲਾਸ ਭੈੜੇ ਪੁਰਸਾ ਸਬੰਧੀ ਤਲਾਬ ਚੌਕ ਰਮਦਾਸ ਮੌਜੂਦ ਸੀ ਕਿ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਜਸਮੀਤ ਸਿੰਘ ਨੇ ਆਪਣੀ ਜਮੀਨ ਜਿਸ ਦਾ LATITUDE: 31.96518, LONGITUDE: 74.9517 ਹੈ ਜਿਸ ਨੇ ਮਿਤੀ 30-10-2024 ਨੂੰ ਆਪਣੀ ਜਮੀਨ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਲਗਾਈ ਸੀ। ਜੋ ਮਾਣਯੋਗ ਡਿਪਟੀ ਕਮੀਸ਼ਨਰ ਸਾਹਿਬ ਅੰਮ੍ਰਿਤਸਰ ਜੀ ਦੇ ਹੁਕਮਾਂ ਦੀ ਉਲੰਘਣਾ ਹੈ। ਜਿਸ ਤੇ ਮੁੱਕਦਮਾ ਦਰਜ ਰਜਿਸਟਰ ਕੀਤਾ ਗਿਆ। | --- | --- | ASI ਅਵਤਾਰ ਸਿੰਘ/530 9780003468 |
| 2. | ਰਮਦਾਸ | 124 ਮਿਤੀ 06-11-24 ਜੁਰਮ 223 BNS | SI ਜਸਬੀਰ ਸਿੰਘ/442 8146764347 | ਅਰਵਿੰਦਰ ਸਿੰਘ ਪੁੱਤਰ ਕੁਲਬੀਰ ਸਿੰਘ ਵਾਸੀ ਪਿੰਡ ਲੰਗੋਮਾਹਲ (ਗ੍ਰਿਫਤਾਰੀ ਨਿੱਲ) | ਅੱਜ ਮਨ ASI ਸਮੇਤ ਸਾਥੀ ਕਰਮਚਾਰੀਆਂ ਗਸ਼ਤ ਬਾ ਤਲਾਸ ਭੈੜੇ ਪੁਰਸਾ ਸਬੰਧੀ ਅੱਡਾ ਗੱਗੋਮਾਹਲ ਮੌਜੂਦ ਸੀ ਕਿ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਅਰਵਿੰਦਰ ਸਿੰਘ ਨੇ ਆਪਣੀ ਜਮੀਨ ਜਿਸ ਦਾ LATITUDE: 31.90552 LONGITUDE: 74.83033 ਹੈ ਜਿਸ ਨੇ ਨੂੰ ਝੋਨੇ ਦੀ ਪਰਾਲੀ ਨੂੰ ਅੱਜ ਅੱਗ ਲਗਾਈ ਹੈ। ਜੋ ਮਾਣਯੋਗ ਡਿਪਟੀ ਕਮੀਸ਼ਨਰ ਸਾਹਿਬ ਅੰਮ੍ਰਿਤਸਰ ਜੀ ਦੇ ਹੁਕਮਾ ਦੀ ਉਲੰਘਣਾ ਹੈ ਜਿਸ ਤੇ ਮੁੱਕਦਮਾ ਦਰਜ ਰਜਿਸਟਰ ਕੀਤਾ ਗਿਆ। | --- | | SI ਜਸਬੀਰ ਸਿੰਘ/442 8146764347 |
| 3. | ਕੰਬੋਅ | 224 ਮਿਤੀ 06-11-24 ਜੁਰਮ 305,3(5) BNS | ਪਵਨ ਕੁਮਾਰ ਭਾਰਦਵਾਜ ਪੁੱਤਰ ਸ੍ਰੀ ਜਗਦੀਸ਼ ਪਾਲ ਜੀ ਵਾਸੀ 471 SG ਇੰਕਲੇਵ ਮਜੀਠਾ ਰੋਡ ਥਾਣਾ ਕੰਬੋਅ 9417083421 | 1.ਨਵਦੀਪ ਸਿੰਘ ਉਰਫ ਨਵ ਪੁੱਤਰ ਇਕਬਾਲ ਸਿੰਘ 2.ਦਵਿੰਦਰ ਸਿੰਘ ਪੁੱਤਰ ਦਿਆਲ ਸਿੰਘ ਵਾਸੀਆਨ ਨੌਸ਼ਿਹਰਾ ਕਲੋਨੀਆਂ (ਗ੍ਰਿਫਤਾਰੀ ਨਿੱਲ) | ਮੁਦਈ ਨੇ ਬਿਆਨ ਕੀਤਾ ਕਿ ਮੈਂ 471 SG ਇੰਕਲੇਵ ਮਜੀਠਾ ਰੋਡ ਅੰਮ੍ਰਿਤਸਰ ਵਿੱਚ ਕੋਠੀ ਬਣਵਾ ਰਿਹਾ ਹਾਂ ਅਤੇ ਮੈਂ ਸਵੇਰੇ ਸ਼ਾਮ ਨੂੰ ਆਪਣੀ ਕੋਠੀ ਵਿੱਚ ਫੇਰਾ ਮਾਰਨ ਵਾਸਤੇ ਆਉਂਦਾ ਹਾਂ ।ਅੱਜ ਮਿਤੀ 06-11-2024 ਨੂੰ ਮੇਰੇ ਕੋਠੀ ਬਣਾਉਣ ਵਾਲੇ ਮਿਸਤਰੀ ਅਤੇ ਲੇਬਰ ਨੂੰ ਕਿਸੇ ਕੰਮ ਪੈਣ ਕਰਕੇ ਕੋਠੀ ਵਿੱਚ ਕੰਮ ਕਰਨ ਲਈ ਨਹੀਂ ਆਏ। ਮੈਂ ਆਪਣੀ ਕੋਠੀ ਵਿੱਚ CCTV ਕੈਮਰੇ ਲਗਾਏ ਹੋਏ ਹਨ ਮੈਂ ਜਦ ਵੀ ਸਵੇਰੇ ਸ਼ਾਮ ਕੋਠੀ ਵਿੱਚ ਫੇਰਾ ਮਾਰਨ ਆਉਂਦਾ ਹਾਂ ਤਾਂ ਮੈਂ ਵੇਖਦਾ ਹਾਂ ਕਿ ਨਵਦੀਪ ਸਿੰਘ ਅਤੇ ਦਵਿੰਦਰ ਸਿੰਘ ਮੇਰੀ ਕੋਠੀ ਦੇ ਚਾਰ ਚੁਫੇਰੇ ਘੁੰਮਦੇ ਰਹਿੰਦੇ ਸੀ । ਹੁਣ ਮੈਂ ਵਕਤ ਕ੍ਰੀਬ 05:30 ਵਜੇ ਸ਼ਾਮ ਨੂੰ ਕਚਿਹਰੀ ਅੰਮ੍ਰਿਤਸਰ ਤੋਂ ਵਿਹਲਾ ਹੋ ਕੇ ਆਪਣੀ ਕੋਠੀ ਵਿੱਚ ਫੇਰਾ ਮਾਰਨ ਆਇਆ ਤਾਂ ਇਹ ਹੀ ਦੋਨੋਂ ਉਕਤ ਵਿਅਕਤੀ ਮੇਰੀ ਕੋਠੀ ਵਿੱਚ ਮੇਰੇ ਵੇਖਦਿਆਂ ਵੇਖਦਿਆਂ ਮੇਰੀ ਬਣ ਰਹੀ ਕੋਠੀ ਵਿੱਚੋਂ ਕੀਬ 20/25 ਕਿੱਲੋ ਸਰੀਆ ਚੋਰੀ ਕਰਕੇ ਲੈ ਗਏ ਹਨ। ਜਿਸਤੇ ਦੋਸੀਆ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ। | --- | ਨਹੀ ਜੀ | ASI ਅਮਰ ਸਿੰਘ/1189 9780005710 |
| 4. | ਘਰਿੰਡਾ | 275 ਮਿਤੀ 06-11-24 ਜੁਰਮ 25/54/29 Arms Act | ASI ਜਗਤਾਰ ਸਿੰਘ CIA Staff 9780004132 | 1.ਜੋਬਨਜੀਤ ਸਿੰਘ ਪੁੱਤਰ ਲਖਵਿੰਦਰ ਸਿੰਘ ਵਾਸੀ ਡੰਡੇ 2.ਦੇਸ ਰਾਜ ਪੁੱਤਰ ਵਿਰਸਾ ਸਿੰਘ ਵਾਸੀ ਕਾਉਕੇ ਜਿਲਾ ਅੰਮ੍ਰਿਤਸਰ (ਗ੍ਰਿਫਤਾਰ) | ਮਨ ASI ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਭੈੜੇ ਪੁਰਸ਼ਾ ਸਬੰਧ ਵਿੱਚ ਨਵਾ ਬਾਈਪਾਸ ਪੁੱਲ ਅਟਾਰੀ ਤੋ ਖਾਸਾ ਵੱਲ ਆਉਦਾ ਜੀ ਟੀ ਰੋਡ ਪਰ ਮੌਜੂਦ ਸੀ ਕਿ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਦੇਸ ਰਾਜ ਤੇ ਜੋਬਨਜੀਤ ਸਿੰਘ ਜੋ ਪਿੰਡਾ ਵਿੱਚ ਅਸਲੇ ਐਮੋਨੀਸਨ ਦੀ ਸਪਲਾਈ ਕਰਦੇ ਹਨ ਹੁਣ ਵੀ ਉਹ ਆਪਣੇ ਮੋਟਰਸਾਇਕਲ ਹੀਰੋ ਹਾਡਾ ਪੈਸਨ ਪਰ ਸਵਾਰ ਹੋ ਕੇ ਅਟਾਰੀ ਦੀ ਤਰਫੋ ਆ ਰਹੇ ਹਨ । ਜੇਕਰ ਆਪ ਜੀ ਇਹਨਾ ਨੂੰ ਰੋਕ ਕੇ ਕਾਬੂ ਕਰਕੇ ਚੈਕ ਕੀਤਾ ਜਾਵੇ ਤਾ ਇਹਨਾ ਪਾਸੋਂ ਕੋਈ ਨਾ ਕੋਈ ਅਸਲੇ ਦੀ ਰਿਕਵਰੀ ਹੋ ਸੱਕਦੀ ਹੈ। ਜੋ ਨਾਕਾਬੰਦੀ ਦੋਰਾਨ ਕਾਬੂ ਕਰਕੇ ਮੋਟਰਸਾਇਕਲ ਚਾਲਕ ਨੇ ਆਪਣਾ ਨਾਮ ਜੋਬਨਜੀਤ ਸਿੰਘ ਅਤੇ ਦੁਸਰੇ ਨੌਜਵਾਨ ਨੇ ਆਪਣਾ ਨਾਂ ਦੇਸ ਰਾਜ ਅਤੇ ਦੇਸ ਰਾਜ ਉਕਤ ਦੀ ਤਲਾਸੀ ਕਰਨ ਤੇ ਉਸ ਦੀ ਖੱਬੀ ਡੱਬ ਵਿੱਚੋ ਇੱਕ ਪਿਸਟਲ ਦੇਸੀ (ਬਿੰਨਾ ਨੰਬਰੀ) ਬਰਾਮਦ ਹੋਇਆ ਜਿਹਨਾ ਖਿਲਾਫ ਮੁੱਕਦਮਾ ਦਰਜ ਰਜਿਸਟਰ ਕੀਤਾ ਗਿਆ। | ਇੱਕ ਪਿਸਟਲ ਦੇਸੀ (ਬਿੰਨਾ ਨੰਬਰੀ) ਤੇ ਮੋਟਰਸਾਇਕਲ ਮਾਰਕਾ ਹੀਰੋ ਹਾਡਾ ਪੈਸਨ | ਵੀਡੀਓਗ੍ਰਾਫੀ ਕੀਤੀ ਗਈ | ASI ਜਗਤਾਰ ਸਿੰਘ CIA Staff 9780004132 |
| 5. | ਘਰਿੰਡਾ | 276 ਮਿਤੀ 06-11-24 ਜੁਰਮ 21-61-85 NDPS ACT,10,11,12, AIR CRAFT ACT, 1934 | SI ਰਛਪਾਲ ਸਿੰਘ/852 9780003372 | ਨਾਂ-ਮਲੂਮ ਵਿਅਕਤੀ | ਮਨ SI ਸਮੇਤ ਸਾਥੀ ਕਰਮਚਾਰੀਆਂ ਅੱਡਾ ਰਾਜਾਤਾਲ ਮੌਜੂਦ ਸੀ ਕਿ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਮੈ ਪਿੰਡ ਦਾਉਕੇ ਤੋ ਰਾਜੇਤਾਲ ਨੂੰ ਆ ਰਿਹਾ ਸੀ ਜਦ ਮੈ ਰਾਜੇਤਾਲ ਨਜਦੀਕ ਪੁੱਜਾ ਤਾਂ ਸੜਕ ਦੇ ਸੱਜੇ ਪਾਸੇ ਝਾੜੀਆ ਵਿੱਚ ਇੱਕ ਡਰੋਨ ਜਿਸ ਦੇ ਨਾਲ ਇੱਕ ਪੀਲਾ ਲਿਫਾਫਾ ਢੰਗਿਆ ਹੋਇਆ ਤੇ ਝਾੜੀਆ ਵਿੱਚ ਫਸਿਆ ਹੋਇਆ ਹੈ ਜੋ ਲਿਫਾਫੇ ਵਿੱਚ ਕੋਈ ਨਸ਼ੀਲਾ ਪਦਾਰਥ ਹੈ ਜੋ ਕਿਸੇ ਨਾਮਲੂਮ ਵਿਅਕਤੀ ਵੱਲੋ ਮੰਗਵਾਇਆ ਗਿਆ ਹੈ ਜੋ ਇਹ ਇਤਲਾਹ ਸੱਚੀ ਅਤੇ ਠੋਸ ਅਤੇ ਬੇਲਾਗ ਹੋਣ ਕਰਕੇ ਨਾਮਲੂਮ ਵਿਅਕਤੀ ਖਿਲਾਫ ਮੁੱਕਦਮਾ ਦਰਜ ਰਜਿਸਟਰ ਕਰਕੇ ਅਗਲੀ ਤਫਤੀਸ਼ ਅਮਲ ਵਿੱਚ ਲਿਆਦੀ ਗਈ । | 430 ਗ੍ਰਾਮ ਹੈਰੋਇੰਨ, 70 ਗ੍ਰਾਮ ਪੈਕਿੰਗ ਮਟੀਰੀਆਲ ਅਤੇ ਇੱਕ ਡਰੋਨ | ਵੀਡੀਓਗ੍ਰਾਫੀ ਕੀਤੀ ਗਈ | SI ਰਛਪਾਲ ਸਿੰਘ/852 9780003372 |

| | | | | | | | | |
|---|---|---|---|---|---|---|---|---|
| 6. | ਘਰਿੰਡਾ | 277 ਮਿਤੀ 06-11-24 ਜੁਰਮ 21-61-85 NDPS ACT | ਸ੍ਰੀ INSP RAJILALA D' COY 144 BN BSF Ph no 9937168942 | ਨਾਂ-ਮਲੂਮ ਵਿਅਕਤੀ | ਮਨ ASI ਸਮੇਤ ਸਾਥੀ ਕਰਮਚਾਰੀਆ ਹਾਜਰ ਥਾਣਾ ਸੀ ਕਿ BSF ਦੇ ਕਰਮਚਾਰੀ ASI ਰਜੇਸ ਕੁਮਾਰ ਨੰ 9905194144 BN BSF ਨੇ ਹਾਜਰ ਥਾਣਾ ਆ ਕਿ ਇੱਕ ਪੱਤਰ ਨੰਬਰ NO. OPS/FIR-LODGE/D/144BN/2024/516 ਵੱਲੋ ਸ੍ਰੀ INSP RAJILALA D' COY 144 BN BSF ਸਮੇਤ ONE PACET YELLOW COLOURED POLYTHENE WRAPPED CONTAINING SUSPECTED TO BE HEROINE WHICH IS ALMOST IN DAMAGED CONDDITION AND MIXED WITH SOIL (IN TORN CONDITION) OF GROSS WEIGHT WITH PACKING MATERIAL 0.280 KG ਜੋ ਪੀਲੀਆ ਟੇਪਾ ਨਾਲ ਲੈਪਟਿਆ ਹੋਇਆ ਲਿਫਾਫਾ ਅਤੇ ਹੋਰ ਕਾਗਜਾਤ ਲਿਆ ਕੇ ਮੇਰੇ ਪੇਸ ਕੀਤੇ ਜੋ ਪੈਕਟ ਨੂੰ ਸਾਥੀ ਕਰਮਚਾਰੀਆ ਦੀ ਹਾਜਰੀ ਵਿੱਚ ਖੋਲ ਕੇ ਚੈਕ ਕੀਤਾ ਤਾ ਉਸ ਵਿੱਚੋ ਹੈਰੋਇਨ ਬ੍ਰਾਮਦ ਹੋਈ ਜੋ ਬ੍ਰਾਮਦਾ ਹੈਰੋਇਨ ਨੂੰ ਇੱਕ ਮੋਮੀ ਲਿਫਾਫਾ ਵਿੱਚ ਪਾ ਕੇ ਕੰਪਿਊਟਰ ਕੰਢੇ ਨਾਲ ਤੋਲ ਕੀਤਾ ਤਾ 200 ਗ੍ਰਾਮ ਹੈਰੋਇਨ ਬ੍ਰਾਮਦ ਹੋਈ ਜੋ ਬ੍ਰਾਮਦਾ ਹੈਰੋਇਨ 200 ਗ੍ਰਾਮ ਸਮੇਤ ਮੋਮੀ ਲਿਫਾਫਾ ਨੂੰ ਡੱਬਾ ਪਲਾਸਟਿਕ ਵਿੱਚ ਪਾ ਕੇ ਪਾਰਸਲ ਤਿਆਰ ਕਰਕੇ ਅਤੇ ਪੈਕਿੰਗ ਮੀਟੀਰੀਅਲ ਦਾ ਵਜਨ ਕੀਤਾ ਤਾ 80 ਗ੍ਰਾਮ ਹੋਇਆ ਜੋ ਨਾਮਲੂਮ ਵਿਅਕਤੀ ਖਿਲਾਫ ਮੁੱਕਦਮਾ ਦਰਜ ਰਜਿਸਟਰ ਕੀਤਾ ਗਿਆ। | 200 ਗ੍ਰਾਮ ਹੈਰੋਇਨ ਅਤੇ ਪੈਕਿੰਗ ਮੀਟੀਰੀਅਲ 80 ਗ੍ਰਾਮ | ਵੀਡੀਓਗ੍ਰਾਫੀ ਕੀਤੀ ਗਈ | SI ਰਛਪਾਲ ਸਿੰਘ/852 9780003372 |
| 7. | ਮਹਿਤਾ | 111 ਮਿਤੀ 06-11-24 ਜੁਰਮ 109,3(5) BNS 25-27-54-59 Arms Act | ਬਲਜਿੰਦਰ ਸਿੰਘ ਪੁੱਤਰ ਲੇਟ ਬਲਦੇਵ ਸਿੰਘ ਵਾਸੀ ਗੱਗੜਭਾਣਾ ਉਮਰ ਕ੍ਰੀਬ 42 ਸਾਲ 9872798709 | ਨਾ -ਮਾਲੂਮ | ਮੁਦਈ ਨੇ ਬਿਆਨ ਕੀਤਾ ਕਿ ਮਿਤੀ 05-11-2024 ਨੂੰ ਵਕਤ ਕਰੀਬ 1-30 ਏ ਐਮ ਪਰ ਘਰ ਦੇ ਪਿਛਲੇ ਬਣੀ ਕੰਧ ਤੇ ਚੜ ਕੇ ਕਿਸੇ ਨਾ-ਮਾਲੂਮ ਵਿਅਕਤੀਆਂ ਨੇ ਮੈਨੂੰ ਮਾਰ ਦੇਣ ਦੀ ਨੀਅਤ ਨਾਲ ਸਿੱਧੀ ਗੋਲੀ ਮੇਰੇ ਘਰ ਦੇ ਕਮਰੇ ਦੀ ਖਿੜਕੀ ਵਿੱਚ ਲੱਗੇ ਸ਼ੀਸ਼ੇ ਵਿੱਚ ਮਾਰੀ ਜਿਸਤੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ। | ਨਿੱਲ | | ASI ਜਤਿੰਦਰ ਸਿੰਘ/1679 9780003518 |
| 8. | ਮਹਿਤਾ | 112 ਮਿਤੀ 06-11-24 ਜੁਰਮ 223 BNS | ASI ਬਲਕਾਰ ਸਿੰਘ/1068 9780003935 | ਸ਼ੁਭਵੰਤ ਸਿੰਘ ਪੁਤਰ ਕੁਲਦੀਪ ਸਿੰਘ ਵਾਸੀ ਕੁਹਾਟਵਿੰਡ ਮੁਸਲਮਾਨਾਂ (ਗ੍ਰਿਫਤਾਰੀ ਨਿੱਲ) | ਅੱਜ ਮਨ ASI ਸਮੇਤ ਸਾਥੀ ਕਰਮਚਾਰੀਆ ਦੇ ਗਸ਼ਤ ਬਾ ਤਲਾਸ ਭੈੜੇ ਪੁਰਸਾ ਦੇ ਸਬੰਧ ਵਿੱਚ ਅੱਡਾ 23 ਮੀਲ ਉਦੋਨੰਗਲ ਮੌਜੂਦ ਸੀ ਕਿ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਸ਼ੁਭਵੰਤ ਸਿੰਘ ਝੋਨੇ ਦੇ ਵੱਢ ਦੀ ਪਰਾਲੀ ਅੱਗ ਲਗਾ ਕਿ ਸਾੜ ਰਿਹਾ ਹੈ ਜਿਸ ਪਰ ਮੁਕਦਮਾ ਦਰਜ ਰਜਿਸਟਰ ਕਰਕੇ ਮੁਢਲੀ ਤਫਤੀਸ਼ ਅਮਲ ਵਿੱਚ ਲਿਆਦੀ ਗਈ। | ਕੋਈ ਨਹੀ | ਨਹੀ | ASI ਬਲਕਾਰ ਸਿੰਘ/1068 9780003935 |
| 9. | ਕੱਥੂਨੰਗਲ | 116 ਮਿਤੀ 06-11-24 ਜੁਰਮ 305 BNS | ਸ਼ਲਿੰਦਰ ਸਿੰਘ ਪੁੱਤਰ ਲੱਖਾ ਸਿੰਘ ਵਾਸੀ ਪਿੰਡ ਝੰਡੇ ਥਾਣਾ ਕੱਥੂਨੰਗਲ ਉਮਰ ਕਰੀਬ 23 ਸਾਲ 7009708636 | ਸੁਖਬੀਰ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਪਿੰਡ ਝੰਡੇ (ਗ੍ਰਿਫਤਾਰ) | ਮੁਦਈ ਨੇ ਬਿਆਨ ਕੀਤਾ ਕਿ ਮੇਰੀ ਮਾਤਾ ਮਨਜੀਤ ਕੋਰ ਜੋ ਪੰਚਾਇਤੀ ਇਲੈਕਸ਼ਨ ਵਿਚ ਸਰਪੰਚੀ ਦੇ ਉਮੀਦਵਾਰ ਵਜੋ ਇਲੈਕਸ਼ਨ ਲੜ ਰਹੇ ਸਨ। ਮਿਤੀ 15-10-2024 ਨੂੰ ਇਲੈਕਸ਼ਨ ਵਾਲੇ ਦਿਨ ਅਸੀ ਸਾਰਾ ਪਰਿਵਾਰ ਸੁਭਾ ਕਰੀਬ 09:00 ਵਜੇ ਸਰਕਾਰੀ ਐਲੀਮੈਂਟਰੀ ਸਕੂਲ ਝੰਡੇ ਬੂਥ ਪਰ ਚਲੇ ਗਏ ਸੀ ਘਰ ਵਿਚ ਸਿਰਫ ਮੇਰੇ ਦਾਦਾ ਸੁੱਚਾ ਸਿੰਘ ਜਿਹਨਾ ਦੀ ਉਮਰ ਕਰੀਬ 80 ਸਾਲ ਹੈ ਇਕੱਲੇ ਮੌਜੂਦ ਸਨ ਉਸੇ ਦਿਨ ਵਕਤ ਕਰੀਬ 11:15 AM ਸਾਡੇ ਪਿੰਡ ਦਾ ਸੁਖਬੀਰ ਸਿੰਘ ਸਾਡੇ ਘਰ ਆਇਆ ਅਤੇ ਬਿਨਾ ਕਿਸੇ ਨੂੰ ਅਵਾਜ ਦਿੱਤੇ ਮੇਰੇ ਕਮਰੇ ਵਿਚ ਦਾਖਲ ਹੋ ਗਿਆ ਜਿਸਨੇ ਮੇਰੇ ਕਮਰੇ ਵਿਚੋ ਮੇਰੀ ਪੈਂਟ ਦੀ ਜੇਬ ਵਿਚ ਪਏ ਕੁੱਲ 20,000 ਰੁਪਏ ਅਤੇ ਮੇਰੇ ਪਰਸ ਵਿਚ ਪਏ 3,000 ਰੁਪਏ ਕੱਢ ਲਏ ਅਤੇ ਬਿਨਾ ਕਿਸੇ ਨੂੰ ਪਤਾ ਲੱਗੇ ਘਰੋ ਚਲਾ ਗਿਆ ਇਹ ਸਾਰੀ ਚੋਰੀ ਦੀ ਵਾਰਦਾਤ ਸਾਡੇ ਘਰ ਵਿਚ ਲੱਗੇ CCTV ਕੈਮਰਾ ਵਿਚ ਰਿਕਾਰਡ ਹੋ ਗਈ ਹੈ। ਜੋ ਹੁਣ ਤੱਕ ਅਸੀ ਸੁਖਬੀਰ ਸਿੰਘ ਉਰਫ ਟੋਬੋ ਉਕਤ ਨੂੰ ਮੋਹਤਬਾਰਾ ਦੀ ਹਾਜਰੀ ਵਿਚ ਘਰ ਵਿਚੋ ਚੋਰੀ ਹੋਣ ਬਾਰੇ ਪੁੱਛਦੇ ਰਹੇ ਪਰ ਅਸੀ ਉਸਨੂੰ ਕੈਮਰੇ ਦੀ ਵੀਡਿਉ ਬਾਰੇ ਨਹੀ ਸੀ ਦੱਸਿਆ ਜੋ ਸੁਖਬੀਰ ਸਿੰਘ ਹੁਣ ਤੱਕ ਸਾਨੂੰ ਇਹ ਹੀ ਕਹਿੰਦਾ ਰਿਹਾ ਹੈ ਕਿ ਮੈ ਤੁਹਾਡੇ ਘਰ ਚੋਰੀ ਨਹੀ ਕੀਤੀ। ਜੋ ਅੱਜ ਮੈ ਆਪ ਜੀ ਪਾਸ ਇਤਲਾਹ ਦੇਣ ਲਈ ਆਇਆ ਹਾਂ। ਜਿਸਦੇ ਬਿਆਨ ਪਰ ਮੁਕਦਮਾ ਦਰਜ ਰਜਿਸਟਰ ਕੀਤਾ ਗਿਆ। | --- | --- | SI ਨਰਿੰਦਰ ਸਿੰਘ/831 9780004101 |
| 10. | ਖਲਚੀਆ | 152 ਮਿਤੀ 06-11-24 ਜੁਰਮ 223 BNS | ASI ਰਜਵੰਤ ਸਿੰਘ 7098243000 | ਗੁਰਵਿੰਦਰ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਲੱਖਾ ਸਿੰਘ ਵਾਲਾ ਭਿੰਡਰ (ਗ੍ਰਿਫਤਾਰੀ ਨਿੱਲ) | ਸੰਖੇਪ ਹਲਾਤ ਮੁਕੱਦਮਾ ਇਸ ਪ੍ਰਕਾਰ ਹਨ ਕਿ ਅੱਜ ਏ.ਐਸ.ਆਈ ਰਾਜਵੰਤ ਸਿੰਘ ਸਮੇਤ ਪੁਲਿਸ ਪਾਰਟੀ ਹਮਰਾਹ ਲੈ ਕੇ ਗਸ਼ਤ ਭੈੜੇ ਪੁਰਸ਼ਾ ਦੇ ਸਬੰਧ ਵਿਚ ਜਦੋ ਨੇੜੇ ਗਰਾਊਡ ਸਕੂਲ ਭਿੰਡਰ ਪੁੱਜੀ ਕਿ ਮੁਖਬਰ ਖਾਸ ਨੇ ਮੁਲਾਕੀ ਹੋ ਕੇ ਇਤਲਾਹ ਦਿੱਤੀ ਕਿ ਗੁਰਵਿੰਦਰ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਲੱਖਾ ਸਿੰਘ ਵਾਲਾ ਭਿੰਡਰ ਨੇ ਮਿਤੀ 04.10.24 ਨੂੰ ਆਪਣੀ ਜਮੀਨ ਵਿੱਚ ਝੋਨੇ ਦੀ ਫਸਲ ਬੀਜੀ ਹੋਈ ਜੋ ਝੋਨੇ ਦੀ ਫਸਲ ਕੱਟਣ ਤੋ ਬਾਅਦ ਪਰਾਲੀ ਨੂੰ ਅੱਗ ਲਾ ਕੇ ਪੰਜਾਬ ਸਰਕਾਰ ਦੀਆ ਹਦਾਇਤਾ ਅਤੇ ਜਿਲਾ ਮਜਿਸਟ੍ਰੇਟ ਸਾਹਿਬ ਦੇ ਹੁਕਮਾ ਦੀ ਉਲੰਘਣਾ ਕੀਤੀ ਹੈ ਜਿਸਤੇ ਦੇ ਏ.ਐਸ.ਆਈ ਵੱਲੋ ਮੁਕੱਦਮਾ ਦਰਜ ਰਜਿਸਟਰ ਕਰਕੇ ਅਗਲੀ ਤਫਤੀਸ਼ ਅਮਲ ਵਿਚ ਲਿਆਦੀ । | -- | -- | ASI ਰਜਵੰਤ ਸਿੰਘ 7098243000 |
| 11. | ਖਲਚੀਆ | 153 ਮਿਤੀ 06-11-24 ਜੁਰਮ 64,351 | ਸ਼ੁਮਨ ਪਤਨੀ ਸਿਮਰਨਜੀਤ ਸਿੰਘ | ਜੁਗਰਾਜ ਬੱਲ ਪੁੱਤਰ ਦਲਬੀਰ ਸਿੰਘ ਵਾਸੀ | ਮੁਦਈਆ ਨੇ ਬਿਆਨ ਕੀਤਾ ਕਿ ਮੇਰੀ ਨਨਾਣ ਹਰਜੀਤ ਕੋਰ ਜਿਸਨੇ ਆਪਣੀ ਮਰਜੀ ਨਾਲ ਜੁਗਰਾਜ ਬੱਲ ਨਾਲ ਵਿਆਹ ਕਰਵਾਇਆ ਹੈ ਜਿਸਦੇ ਸੱਟਾ ਲੱਗਣ ਕਰਕੇ ਮਿਤੀ 31-10-24 ਨੂੰ ਉਹਨਾ ਦੇ ਪਿੰਡ ਗਈ | -- | -- | L/SI ਬੀਨਾ ਰਾਣੀ 9877642470 |

| | | | | | | | | |
|---|---|---|---|---|---|---|---|---|
| | | BNS | ਵਾਸੀ ਮਕਾਨ ਨੰ: 73 ਮਰੱਬਿਆ ਵਾਲੀ ਗਲੀ ਨੇੜੇ ਦੀਪ ਸਿੰਘ ਗੁਰਦੁਆਰਾ ਤਰਨ-ਤਾਰਨ ਰੋਡ ਅੰਮ੍ਰਿਤਸਰ 7717496348 | ਛੱਜਲਵੱਡੀ (ਗ੍ਰਿਫਤਾਰੀ ਨਿੱਲ) | ਸੀ। ਜੋ ਮਿਤੀ 03-11-24 ਨੂੰ ਉਸਦੀ ਨਨਾਣ ਹਰਜੀਤ ਕੋਰ ਮੁਦੱਈਆ ਨੂੰ ਨਾਲ ਲੈ ਕੇ ਪਿੰਡ ਛੱਜਲਵੱਡੀ ਲੈ ਆਈ । ਮਿਤੀ 04-11-24 ਨੂੰ ਮੁਦੱਈਆ ਸਮੇਤ ਨਨਾਣ ਹਰਜੀਤ ਕੌਰ ਅਤੇ ਉਸਦਾ ਪਤੀ ਜੁਗਰਾਜ ਬੱਲ ਬਾਹਰੋ ਰੋਟੀ ਖਾਣ ਲਈ ਚਲੇ ਗਏ। ਜੋ ਪਿੰਡ ਦੇ ਹੀ ਅੱਡੇ ਵਿੱਚੋ ਖਾਣ ਲਈ ਸਮਾਨ ਲਿਆ ਅਤੇ ਜੁਗਰਾਜ ਬੱਲ ਸ਼ਰਾਬ ਲੈ ਕੇ ਪੀਤੀ ਤੇ ਬਾਅਦ ਵਿੱਚ ਉਹ ਘਰ ਵਾਪਿਸ ਚਲੇ ਗਏ । ਜਿਥੇ ਮੁਦਈਆ ਦੀ ਨਨਾਣ ਹਰਜੀਤ ਕੋਰ ਨੇ ਵੀ ਸ਼ਰਾਬ ਪੀ ਲਈ ਤੇ ਬਾਅਦ ਵਿੱਚ ਮੁਦੱਈਆ ਨੂੰ ਜੁਗਰਾਜ ਬੱਲ ਨੇ ਕੋਲਡ ਡਰਿੰਕ ਵਿੱਚ ਸ਼ਰਾਬ ਮਿਲਾ ਕੇ ਜਬਰਦਸਤੀ ਪਿਲਾ ਦਿੱਤੀ। ਜਿਸਤੋ ਬਾਅਦ ਸਮਾ ਕਰੀਬ 8.30/9.00 ਵਜੇ ਰਾਤ ਹੋਵੇਗਾ ਕਿ ਉਸਦੀ ਨਨਾਣ ਦੂਸਰੇ ਕਮਰੇ ਵਿੱਚ ਸੋ ਗਈ ਤੇ ਮੁਦੱਈ ਸ਼ਰਾਬ ਦੇ ਨਸ਼ੇ ਵਿਚ ਹੋਣ ਕਰਕੇ ਉਸਨੂੰ ਕੋਈ ਹੋਸ਼ ਨਹੀ ਸੀ ਕਿ ਉਸਨੂੰ ਮਹਿਸੂਸ ਹੋਇਆ ਕਿ ਉਸ ਨਾਲ ਕੁਝ ਹੋ ਰਿਹਾ ਹੈ ਤਾ ਉਸਨੇ ਦੇਖਿਆ ਕਿ ਉਸਦੇ ਕੱਪੜੇ ਉਤਰੇ ਹੋਏ ਸਨ ਤਾ ਉਸਨੇ ਰੋਲਾ ਪਾਇਆ ਤਾ ਨਨਾਣ ਹਰਜੀਤ ਕੋਰ ਵੀ ਕਮਰੇ ਵਿੱਚ ਆ ਗਈ ਤਾ ਉਹ ਆਪਣੇ ਪਤੀ ਨਾਲ ਲੜਾਈ ਕਰਨ ਲੱਗ ਪਈ । ਜੋ ਜੁਗਰਾਜ ਬੱਲ ਨੇ ਨਸ਼ੇ ਦੀ ਹਾਲਤ ਵਿੱਚ ਮੁਦੱਈਆ ਨਾਲ ਗਲਤ ਕੰਮ ਕੀਤਾ । ਜਿਸਤੇ ਮੁਕੱਦਮਾ ਦਰਜ ਰਜਿਸਟਰ ਕਰਕੇ ਤਫਤੀਸ਼ ਅਮਲ ਵਿੱਚ ਲਿਆਦੀ ਗਈ। | | | |
| 12. | ਬਿਆਸ | 230 ਮਿਤੀ 06-11-24 ਜੁਰਮ 61-1-14 Ex Act | ASI ਬਲਵਿੰਦਰ ਸਿੰਘ/295 9780003890 | ਹਰਪਾਲ ਸਿੰਘ ਉਰਫ ਭਾਲਾ ਪੁੱਤਰ ਦਿਲਬਾਗ ਸਿੰਘ ਵਾਸੀ ਖਾਨਪੁਰ (ਗ੍ਰਿਫਤਾਰ) | ਏ ਐਸ ਆਈ ਬਲਵਿੰਦਰ ਸਿੰਘ 295 ਸਮੇਤ ਪੁਲਿਸ ਪਾਰਟੀ ਗਸਤ ਦੇ ਸਬੰਧੀ ਲਿੰਕ ਰੋਡ ਸਠਿਆਲਾ ਜੋਧੇ ਪਰ ਮੌਜੂਦ ਸੀ ਕਿ ਇਕ ਮੋਨਾ ਨੋਜਵਾਨ ਹੱਥ ਵਿੱਚ ਕੈਨੀ ਪਲਾਸਟਿਕ ਫੜੀ ਪੈਦਲ ਤੁਰਿਆ ਆਉਦਾ ਦਿਖਾਈ ਦਿਤਾ ਜਿਸਨੂੰ ਏ ਐਸ ਆਈ ਬਲਵਿੰਦਰ ਸਿੰਘ 295 ਨੇ ਸਾਥੀ ਕਰਮਚਾਰੀ ਦੀ ਮਦਦ ਨਾਲ ਕਾਬੂ ਕਰਕੇ ਨਾਮ ਪਤਾ ਪੁੱਛਿਆ ਜਿਸਨੇ ਆਪਣਾ ਨਾਮ ਹਰਪਾਲ ਸਿੰਘ ਉਰਫ ਭਾਲਾ ਪੁੱਤਰ ਦਿਲਬਾਗ ਸਿੰਘ ਵਾਸੀ ਖਾਨਪੁਰ ਦੱਸਿਆ ਜਿਸਦੇ ਹੱਥ ਵਿੱਚ ਫੜੀ ਕੈਨੀ ਪਲਾਸਟਿਕ ਵਿੱਚੋ 15 ਬੋਤਲਾ ਸ਼ਰਾਬ ਨਜੈਜ ਬਰਾਮਦ ਹੋਈ ਜਿਸਤੇ ਉਕਤ ਮੁਕਦਮਾ ਦਰਜ ਰਜਿਸਟਰ ਕੀਤਾ ਗਿਆ। | 15 ਬੋਤਲਾ ਸ਼ਰਾਬ ਨਜੈਜ | ਜੀ ਹਾ | ASI ਬਲਵਿੰਦਰ ਸਿੰਘ/295 9780003890 |
| 13. | ਭਿੰਡੀਸੈਦਾ | 129 ਮਿਤੀ 06-11-24 ਜੁਰਮ 118(2),118(1), 115(2),191(3),190 BNS | ਨਿਰਮਲ ਸਿੰਘ ਪੁੱਤਰ ਮਹੈਣ ਸਿੰਘ ਵਾਸੀ ਪਿੰਡ ਭਿੰਡੀ ਸੈਦਾਂ ਉਮਰ 65 ਸਾਲ 9878084619 | 1. ਬੀਰਾ ਸਿੰਘ ਪੁੱਤਰ ਕੁਲਦੀਪ ਸਿੰਘ<br>2. ਹਰਪਾਲ ਸਿੰਘ ਪੁੱਤਰ ਕੁਲਦੀਪ ਸਿੰਘ<br>3. ਅਕਾਸ਼ਦੀਪ ਸਿੰਘ ਪੁੱਤਰ ਹਰਪਾਲ ਸਿੰਘ<br>4. ਪ੍ਰੇਮ ਸਿੰਘ ਪੁੱਤਰ ਬੀਰਾ ਸਿੰਘ<br>5. ਕੁਲਦੀਪ ਸਿੰਘ ਪੁੱਤਰ ਬੰਤਾ ਸਿੰਘ<br>6. ਗੁਰਜੰਟ ਸਿੰਘ ਪੁੱਤਰ ਗੁਰਚਰਨ ਸਿੰਘ<br>7. ਗੁਰਲਾਲ ਸਿੰਘ ਪੁੱਤਰ ਗੁਰਚਰਨ ਸਿੰਘ<br>8. ਗੁਰਦੀਪ ਸਿੰਘ ਪੁੱਤਰ ਗੁਰਚਰਨ ਸਿੰਘ<br>ਸ਼ਾਰੇ ਦੋਸ਼ੀਆਨ ਵਾਸੀ ਭਿੰਡੀ ਸੈਦਾ (ਗ੍ਰਿਫਤਾਰੀ ਨਿੱਲ) | ਮੁਦਈ ਨੇ ਬਿਆਨ ਕੀਤਾ ਕਿ ਮੇਰਾ ਲੜਕਾ ਮਨਜੀਤ ਸਿੰਘ ਹੈ, ਜੋ ਵੀ ਮੇਰੇ ਨਾਲ ਖੇਤੀਬਾੜੀ ਦਾ ਕੰਮ ਕਰਦਾ ਹੈ। ਮੇਰੇ ਪਾਸ ਕ੍ਰੀਬ 16/17 ਏਕੜ ਜਮੀਨ ਹੈ। ਮੇਰੀ ਕੁਝ ਜਮੀਨ ਕੁਲਦੀਪ ਸਿੰਘ ਪੁੱਤਰ ਬੰਤਾ ਸਿੰਘ ਵਾਸੀ ਭਿੰਡੀ ਸੈਦਾਂ ਦੀ ਬਹਿਕ ਦੇ ਨਾਲ ਲੱਗਦੀ ਹੈ। ਮਿਤੀ 02-11-2024 ਨੂੰ ਮੈਂ ਆਪਣੀ ਜਮੀਨ ਵਿੱਚ ਬੀਜੀ ਹੋਈ ਕਣਕ ਨੂੰ ਟਰੈਕਟਰ ਨਾਲ ਸੁਹਾਗਾ ਮਾਰਨ ਤੋਂ ਬਾਅਦ ਵਕਤ ਕ੍ਰੀਬ 4-00 ਵਜੇ ਸ਼ਾਮ ਮੈਂ ਆਪਣੇ ਭਾਰਾਵਾਂ ਦੇ ਡੇਰੇ ਲਾਗੇ ਵਾਲੀ ਜਮੀਨ ਜੋ ਮੇਨ ਸੜਕ ਤੋਂ ਪਾਰ ਹੈ ਨੂੰ ਸੁਹਾਗਾ ਮਾਰਨ ਵਾਸਤੇ ਟਰੈਕਟਰ ਲੈ ਕੇ ਪਹੇ-ਪਹੇ ਜਾ ਰਿਹਾ ਸੀ, ਜਦ ਮੈਂ ਮੇਰਾ ਟਰੈਕਟਰ ਹੇਰਾਂ ਵਾਲਿਆ ਦੇ ਝੋਨੇ ਦੇ ਬਰਾਬਰ ਪੁੱਜਾ ਤਾਂ ਝੋਨੇ ਵਿੱਚੋਂ ਦੋਸ਼ੀਆਂਨ ਬਾਹਰ ਨਿਕਲੇ ਤਾਂ ਇਹਨਾਂ ਵਿੱਚੋਂ ਹਰਪਾਲ ਸਿੰਘ ਨੇ ਲਲਕਾਰਾ ਮਾਰ ਕੇ ਕਿਹਾ ਕਿ ਫੜ ਲਵੋ ਇਸਨੂੰ ਪਹੇ ਤੋਂ ਟਰੈਕਟਰ ਲੰਘਾਉਣ ਦਾ ਮਜਾ ਦੱਸ ਦਈਏ।ਜਿਸਤੇ ਦੋਸ਼ੀਆਂ ਨੇ ਆਪਣੇ ਹਥਿਆਰਾਂ ਨਾਲ ਵਾਰ ਮੇਰੇ ਤੇ ਕੀਤੇ ਤੇ ਮੈਨੂੰ ਜਖਮੀ ਕਰ ਦਿੱਤਾ, ਏਨੇ ਨੂੰ ਮੇਰਾ ਪੋਤਰਾ ਨਿਸ਼ਾਨ ਸਿੰਘ ਪੁੱਤਰ ਮਨਜੀਤ ਸਿੰਘ ਮੈਨੂੰ ਛੁਡਾਉਣ ਲਈ ਮੇਰੇ ਪਾਸ ਆਇਆ ਤਾਂ ਦੋਸ਼ੀਆਂਨ ਨੇ ਉਸਦੀ ਵੀ ਹਥਿਆਰਾਂ ਨਾਲ ਕੁੱਟ-ਮਾਰ ਕੀਤੀ ਤੇ ਜਖਮੀ ਕਰ ਦਿੱਤਾ ਜੋ ਮੈਂ ਅਤੇ ਮੈਂ ਪੋਤਰੇ ਨਿਸ਼ਾਨ ਸਿੰਘ ਨੇ ਮਾਰ ਦਿੱਤਾ ਮਾਰ ਦਿੱਤਾ ਦਾ ਰੌਲਾ ਪਾਇਆ ਤਾਂ ਉੱਕਤਾਨ ਯਾਰਬਾਨ ਆਪਣੇ ਆਪਣੇ ਹਥਿਆਰਾਂ ਸਮੇਤ ਮੌਕਾ ਤੋਂ ਆਪਣੇ ਡੇਰੇ ਵੱਲ ਨੂੰ ਭੱਜ ਗਏ।ਜੋ ਸਵਾਰੀ ਦਾ ਪ੍ਰਬੰਧ ਕਰਕੇ ਸਾਨੂੰ ਪਹਿਲਾਂ ਸਿਵਲ ਹਸਪਤਾਲ ਲੋਪੋਕੇ ਗਏ। ਜਿਥੇ ਡਾਕਟਰ ਸਾਹਿਬ ਨੇ ਮੇਰੇ ਪੋਤਰੇ ਨਿਸ਼ਾਨ ਸਿੰਘ ਦੀ ਗੁੱਟ ਦੀ ਸੱਟ ਵੇਖ ਕੇ ਉਸਨੂੰ ਸ੍ਰੀ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਦਾ ਰੈਫਰ ਕਰ ਦਿੱਤਾ। ਫਿਰ ਅਸੀਂ ਨਿਸ਼ਾਨ ਸਿੰਘ ਨੂੰ ਲੈ ਕੇ ਸ੍ਰੀ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਗਏ। ਜਿਥੇ ਮੈਂ ਆਪਣੇ ਰਿਸ਼ਤੇਦਾਰਾਂ ਨਾਲ ਸਲਾਹ ਮਸ਼ਵਰਾ ਕਰਕੇ ਆਪਣੇ ਪੋਤਰੇ ਨਿਸ਼ਾਨ ਸਿੰਘ ਦਾ ਇਲਾਜ ਸ੍ਰੀ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਤੋਂ ਕਰਵਾਉਣ ਦੀ ਬਜਾਏ ਉਸਨੂੰ ਇਲਾਜ ਲਈ ਕਰਤਾਰ ਕੌਰ ਮੈਮੋਰੀਅਲ ਹਸਪਤਾਲ ਨੇੜੇ ਸਪਰਿੰਗ ਡੇਲ ਸਕੂਲ ਬਾਈਪਾਸ ਫਤਿਹਗੜ ਚੂੜੀਆ ਰੋਡ ਅੰਮ੍ਰਿਤਸਰ ਦਾਖਲ ਕਰਵਾ ਦਿੱਤਾ। ਜੋ ਹੁਣ ਵੀ ਮੇਰਾ ਪੋਤਰਾ ਨਿਸ਼ਾਨ ਸਿੰਘ ਹਸਪਤਾਲ ਵਿੱਚ ਜੇਰੇ ਇਲਾਜ ਹੈ। ਮੈਂ ਆਪਣੇ ਪੋਤਰੇ ਨਿਸ਼ਾਨ ਸਿੰਘ ਨੂੰ ਕਰਤਾਰ ਕੌਰ ਮੈਮੋਰੀਅਲ ਹਸਪਤਾਲ ਦਾਖਲ ਕਰਵਾਉਣ ਤੋਂ ਬਾਅਦ ਆਪਣੇ ਸਰੀਰ ਤੇ ਲੱਗੀਆ ਸੱਟਾਂ ਦਾ ਇਲਾਜ ਕਰਵਾਉਣ ਵਾਸਤੇ ਉਸੇ ਦਿਨ ਹੀ ਸਿਵਲ ਹਸਪਤਾਲ ਲੋਪੋਕੇ ਦਾਖਲ ਹੋ ਗਿਆ। ਏਸੇ ਦੌਰਾਨ ਮੇਰਾ ਲੜਕਾ ਮਨਜੀਤ ਸਿੰਘ ਵੀ ਜਖਮੀ ਹਾਲਤ ਵਿੱਚ ਸਿਵਲ ਹਸਪਤਾਲ ਲੋਪੋਕੇ ਆ ਕੇ ਦਾਖਲ ਹੋ ਗਿਆ। ਜਿਸਨੇ ਮੈਨੂੰ ਦੱਸਿਆ ਕਿ, "ਤੁਹਾਡੇ ਜਾਣ ਤੋਂ ਬਾਅਦ ਜਦੋਂ ਮੈਂ ਆਪਣਾ ਟਰੈਕਟਰ ਲੈਣ ਵਾਸਤੇ ਗਿਆ ਤਾਂ ਦੋਸ਼ੀਆਂ ਨੇ ਮੇਰੀ ਵੀ ਮਾਰ-ਕੁੱਟ ਕੀਤੀ ਮੇਰਾ ਲੜਕਾ ਮਨਜੀਤ ਸਿੰਘ ਮਿਤੀ 02-11-2024 ਤੋਂ ਮਿਤੀ 04-11-2024 ਤੱਕ ਸਿਵਲ ਹਸਪਤਾਲ ਲੋਪੋਕੇ ਜੇਰੇ ਇਲਾਜ ਰਿਹਾ ਹੈ, ਜਿਸਨੂੰ ਡਾਕਟਰ ਸਾਹਿਬ ਨੇ ਮਿਤੀ 04-11-2024 ਨੂੰ ਸ੍ਰੀ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ | -- | -- | ASI ਗੁਰਦੇਵ ਸਿੰਘ/1036 9780004036 |

| | | | | | | | | |
|---|---|---|---|---|---|---|---|---|
| | | | | | ਰੈਫਰ ਕਰ ਦਿੱਤਾ ਹੈ, ਜੋ ਹੁਣ ਸਰਜੀਕਲ ਵਾਰਡ ਨੰਬਰ 01 ਵਿੱਚ ਜੇਰੇ ਇਲਾਜ ਹੈ। ਜੋ ਹੁਣ ਤੱਕ ਮੋਹਤਬਰ ਵਿਅਕਤੀ ਸਾਡਾ ਆਪਸ ਵਿੱਚ ਰਾਜੀਨਾਮਾ ਕਰਵਾਉਂਦੇ ਰਹੇ, ਜੋ ਸਿਰੇ ਨਹੀਂ ਚੜ ਸਕਿਆ। | | | |

ਸਹੀ/-
ਪੁਲਿਸ ਕੰਟੋਰਲ ਰੂਮ
ਅੰਮ੍ਰਿਤਸਰ(ਦਿਹਾਤੀ)
ਮਿਤੀ 07-11-2024